# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

**ਐਸ.ਸੀ.ਓ ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ**
**ਫੋਨ ਨੰਬਰ: 2623207, 2621106, 2624673 Fax: 2624687, 2323206, ਈ ਮੇਲ. ssapunjab@yahoo.co.in**

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.),
ਪੰਜਾਬ।

ਮੀਮੋ ਨੰ: 9/5-2010/ਸਸਅ/ਐਫਟੀਬੀ/ਰੈਸ਼./51664
ਮਿਤੀ, ਚੰਡੀਗੜ੍ਹ: 9-8-10

**ਵਿਸ਼ਾ: ਅਧਿਆਪਕਾਂ ਦੀਆਂ ਆਸਾਮੀਆਂ ਨੂੰ ਤਰਕਸੰਗਤ ਕਰਦੇ ਸਮੇਂ ਵਿਦਿਆਰਥੀਆਂ ਦੀ ਗਿਣਤੀ ਦਾ ਪੁਨਰ-ਮੁਲਾਂਕਣ ਕਰਨ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰੋ ਜੀ।

2.0 ਆਪ ਜੀ ਵੱਲੋਂ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਆਸਾਮੀਆਂ ਨੂੰ ਤਰਕਸੰਗਤ ਕਰਨ ਲਈ ਵਿਦਿਆਰਥੀਆਂ ਦੀ ਗਿਣਤੀ ਦਾ ਆਧਾਰ 25-05-2010 ਨੂੰ ਮੰਨਕੇ ਤਜਵੀਜ਼ ਸਰਕਾਰ ਨੂੰ ਪਰਵਾਨਗੀ ਹਿੱਤ ਭੇਜੀ ਗਈ ਸੀ।

3.0 ਇਸੇ ਦੌਰਾਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵਿਦਿਆਰਥੀਆਂ ਦੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਲੈਣ ਦੇ ਉਤਸ਼ਾਹ ਨੂੰ ਵੇਖਦੇ ਹੋਏ ਨੌਵੀਂ,ਦਸਵੀਂ,ਗਿਆਰਵੀਂ ਅਤੇ ਬਾਹਰਵੀਂ ਜਮਾਤਾਂ ਵਿੱਚ ਦਾਖਲਿਆਂ ਦੀਆਂ ਆਖ਼ਰੀ ਤਾਰੀਕਾਂ ਵਿੱਚ 14-07-2010 ਤੱਕ ਵਾਧਾ ਕਰ ਦਿੱਤਾ ਗਿਆ ਸੀ।

4.0 ਜ਼ਿਲ੍ਹਾ ਸਿੱਖਿਆ ਅਫ਼ਸਰਾਂ, ਅਧਿਆਪਕ ਜਥੇਬੰਦੀਆਂ ਅਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਸਰਕਾਰ/ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਰੈਸ਼ਨੇਲਾਈਜ਼ੇਸ਼ਨ ਕਰਨ ਵੇਲੇ ਵਿਦਿਆਰਥੀਆਂ ਦੀ ਗਿਣਤੀ ਦਾ ਆਧਾਰ 15-07-2010 ਨੂੰ ਮੰਨਿਆ ਜਾਵੇ।

5.0 **ਇਸ ਸਾਰੇ ਮਾਮਲੇ ਨੂੰ ਘੋਖਣ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ** ਲੈਕਚਰਰਜ਼ ਦੀ ਰੈਸ਼ਨੇਲਾਈਜ਼ੇਸ਼ਨ **ਲਈ** ਗਿਆਰਵੀਂ ਅਤੇ ਬਾਹਰਵੀਂ ਜਮਾਤਾਂ ਵਿੱਚ **ਪੜਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਮਿਤੀ 15.07.2010 ਲੈ ਲਈ ਜਾਵੇ ਕਿਉਂਕਿ ਸਰਕਾਰ / ਪੰਜਾਬ ਸਕੂਲ ਸਿੱਖਿਆ ਬੋਰਡ**

**ਦੁਆਰਾ ਲਏ ਗਏ ਫੈਸਲੇ ਅਨੁਸਾਰ** ਗਿਆਰਵੀਂ **ਜਮਾਤ ਦੇ ਦਾਖਲੇ ਮਿਤੀ** 14.07.2010 **ਤਕ ਹੋਏ ਹਨ।**

6.0 ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਸੋਧ ਸਿਰਫ਼ ਲੈਕਚਰਰਜ਼ ਦੀਆਂ ਆਸਾਮੀਆਂ ਨੂੰ ਵਿਚਾਰਨ ਹਿੱਤ ਹੋਵੇਗੀ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੱਠ ਅੰਕਣ ਨੰ:-ਉਕਤ-

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਉਹਨਾਂ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

1. ਨਿੱਜੀ ਸਕੱਤਰ, ਸਿੱਖਿਆ ਮੰਤਰੀ ਪੰਜਾਬ।
2. ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,ਸਿੱਖਿਆ ਵਿਭਾਗ (ਸਕੂਲਜ਼)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**